بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 12.05.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਜਮਾਤ ਦੇ ਲੋਕਾਂ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਸਬਰ ਨਾਲ ਰੱਬ ਦੀ ਮਦਦ ਲਈ ਦੁਆ ਕਰਨਾ ਅਤੇ ਉਸ ਦੇ ਅੱਗੇ ਝੁਕਣਾ, ਆਪਣੀਆਂ ਨਮਾਜ਼ਾਂ ਨੂੰ ਅਤੇ ਇਬਾਦਤਾਂ ਦੀ ਸੁਰੱਖਿਆ ਕਰਨਾ ਹਰ ਅਹਮਦੀ ਦਾ ਫ਼ਰਜ਼ ਹੈ ਅਤੇ ਇਹੋ ਚੀਜ਼ ਹੈ ਜੋ ਉਹ ਰੱਬ ਦੀਆਂ ਮਿਹਰਾਂ ਦਾ ਹੋਰ ਵਧੇਰੇ ਵਾਰਸ ਬਣਾਏਗੀ ।

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 12 ਮਈ 2017 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

یٰۤاَیُّہَا الَّذِیۡنَ اٰمَنُوا اسۡتَعِیۡنُوۡا بِالصَّبۡرِ وَالصَّلٰوۃِ ؕ اِنَّ اللّٰہَ مَعَ الصّٰبِرِیۡنَ ○

ਹੇ ਲੋਕੋ, ਜੋ ਇਮਾਨ ਲਿਆਏ ਹੋ ! ਰੱਬ ਤੋਂ ਸਬਰ ਤੇ ਨਮਾਜ਼ਾਂ ਰਾਹੀਂ ਮਦਦ ਮੰਗੋ, ਨਿਰਸੰਦੇਹ ਰੱਬ ਸਬਰ ਕਰਨ ਵਾਲਿਆਂ ਨਾਲ ਹੈ ।

ਮਨੁੱਖ ਦੇ ਜੀਵਨ ਵਿੱਚ ਬਹੁਤ ਸਾਰੀਆ ਸਮੱਸਿਆਵਾਂ ਆਉਂਦੀਆਂ ਹਨ, ਬਹੁਤ ਸਾਰੀਆਂ ਸੰਸਾਰਕ ਔਕੁੜਾਂ ਵਿੱਚੋਂ ਮਨੁੱਖ ਲੰਘਦਾ ਹੈ ਅਜਿਹੀਆਂ ਅਵਸਥਾਵਾਂ ਆਉਂਦੀਆਂ ਹਨ ਜਿੱਥੋਂ ਸਿਵਾਏ ਸਬਰ ਦੇ ਹੋਰ ਕੋਈ ਚਾਰਾ ਨਹੀਂ ਹੁੰਦਾ । ਦੁਨੀਆਦਾਰ ਜਾਂ ਤਾਂ ਰੋ ਪਿੱਟਕੇ ਅਜਿਹੀ ਅਵਸਥਾ ਵਿੱਚ ਘਾਟਾ ਝੱਲ ਲੈਂਦਾ ਹੈ ਜਾਂ ਕਈ ਅਜਿਹੇ ਹੁੰਦੇ ਹਨ ਜੋ ਸੰਸਾਰਕ ਘਾਟੇ ਨੂੰ ਸਹਿਨ ਨ ਕਰਦਿਆਂ ਹੋਇਆਂ ਬੌਧਕ ਸੰਤੁਲਨ ਗਵਾ ਬਹਿੰਦੇ ਹਨ । ਪਰ ਰੱਬ ਦੇ ਕੁਝ ਬੰਦੇ ਅਜਿਹੇ ਵੀ ਹੁੰਦੇ ਹਨ ਜਿੰਨ੍ਹਾ ਨੂੰ ਜਾਨ ਮਾਲ ਦੀ ਹਾਨੀ ਝਲੱਣੀ ਪੈਂਦੀ ਹੈ ਜਾਂ ਮਾਨਸਕ ਤਨਾਉ ਵਿੱਚੋਂ ਲੰਘਣਾ ਪੈਂਦਾ ਹੈ ਜਾਂ ਸ਼ਰੀਰਕ ਕਸ਼ਟ ਮਾਰਧਾੜ ਦੀ ਅਵਸਥਾ ਵਿੱਚ ਝਲੱਣਾ ਪੈਂਦਾ ਹੈ ਕੇਵਲ ਇਸ ਲਈ ਕਿ ਰੱਬ ਦੇ ਆਦੇਸ਼ ਨੂੰ ਮੰਨ੍ਹਦੇ ਹੋਏ ਰੱਬ ਦੇ ਭੇਜੇ ਹੋਏ ਕਿਸੇ ਨਬੀ ਅਤੇ ਰੱਬ ਵੱਲੋਂ ਆਏ ਫ਼ਰਸਤਾਦੇ (ਪੈਗ਼ੰਬਰ) ਉਪੱਰ ਇਮਾਨ ਲਿਆਉਣ ਵਾਲੇ ਇਹ ਲੋਕ ਹੁੰਦੇ ਹਨ । ਹਾਂ, ਰੱਬ ਤੋਂ ਅਵਸ਼ ਹੀ ਦੁਆ ਕਰਦੇ ਹਨ ਕਿ ਹੇ ਅਲੱਾਹ ! ਹੁਣ ਜੱਦ ਇਹ ਸਭ ਕੁਝ

ਤੇਰੇ ਭੇਜੇ ਹੋਏ ਨੂੰ ਮੰਨ੍ਹਣ ਕਰਕੇ ਵਾਪਰ ਰਿਹਾ ਹੈ ਤਾਂ ਸਾਡੇ ਸਬਰ ਦੀ ਸਹਿਨਸ਼ਕਤੀ ਵੀ ਵਧਾ ਅਤੇ ਆਪ ਹੀ ਸਾਡਾ ਸਹਾਈ ਬਣ ਅਤੇ ਇਹਨਾਂ ਜ਼ਾਲਮਾਂ ਤੋਂ ਸਾਨੂੰ ਬਚਾ । ਤੇਰੀ ਖ਼ਾਤਰ ਜਿੱਸ ਪ੍ਰੀਖਿਆਂ ਵਿੱਚੋਂ ਅਸੀਂ ਲੰਘ ਰਹੇ ਹਾਂ ਇਸ ਵਿੱਚ ਪੱਕਿਆਈ ਪ੍ਰਦਾਨ ਕਰ । ਅਮਹਦੀ ਮੁਸਲਮਾਨ ਉਹ ਹਨ ਜੋ ਮਸੀਹ ਮੁਹਮੱਦੀ ਨੂੰ ਮੰਨ੍ਹਣ ਕਰਕੇ ਅਮਲੀ ਰੂਪ ਵਿੱਚ ਇਸ ਅਵਸਥਾ ਵਿੱਚੋਂ ਲੰਘ ਰਹੇ ਹਨ ਜੋ ਦੂਜਿਆਂ ਲਈ ਸੰਭਵਤਾ ਧਾਰਮਕ ਅਤਿਆਚਾਰ ਦੇ ਪੁਰਾਣੇ ਕਿੱਸੇ ਕਹਾਣੀਆਂ ਹੋਣ । ਕਈ ਹੋਰ ਦਲ ਜਾਂ ਫਿਰਕੇ ਵੀ ਕਹਿ ਸਕਦੇ ਹਨ ਕਿ ਅਸੀਂ ਧਰਮ ਕਰਕੇ ਵਿਰੋਧਤਾਵਾਂ ਤੇ ਦੁਸ਼ਮਣੀਆਂ ਦਾ ਸਾਹਮਣਾ ਕਰ ਰਹੇ ਹਾਂ, ਪਰ ਇਹ ਸਾਰੇ ਜੋ ਲੋਕ ਹਨ, ਇਹ ਜਮਾਤਾਂ ਜਾਂ ਦਲ ਆਪਣੇ ਵਿਰੋਧੀਆਂ ਤੇ ਦੁਸ਼ਮਣਾ ਤੋਂ ਮੌਕਾ ਮਿਲਣ'ਤੇ ਉਸੇ ਪ੍ਰਕਾਰ ਜ਼ੁਲਮ ਕਰਕੇ ਬਦਲਾ ਵੀ ਲੈ ਲੈਂਦੇ ਹਨ ਜਿਵੇਂ ਉਹਨਾ'ਤੇ ਜ਼ੁਲਮ ਹੋਏ ਹੁੰਦੇ ਹਨ, ਪਰ ਅਮਹਦੀ ਹੀ ਹਨ ਜੋ ਮੋਮਿਨ ਹੋਣ ਦਾ ਨਮੂਨਾ ਦਿਖਾਉਂਦਿਆਂ ਹੋਇਆਂ, ਕਾਨੂਨ ਨੂੰ ਆਪਣੇ ਹੱਥ ਵਿੱਚ ਨ ਲੈਂਦਿਆਂ ਹੋਇਆਂ, ਜ਼ੁਲਮਾ ਤੇ ਅਤਿਆਚਾਰਾਂ'ਤੇ ਸਬਰ ਕਰਦਿਆਂ ਹੋਇਆਂ ਰੱਬ ਅੱਗੇ ਝੁਕਦੇ ਹਨ ਅਤੇ ਉਸ ਤੋਂ ਮਦਦ ਮੰਗਦੇ ਹਨ । ਸੋ, ਇਹ ਇਕ ਬਹੁਤ ਵਡੱਾ ਅੰਤਰ ਹੈ ਅਹਮਦੀ ਮੁਸਲਮਾਨਾਂ ਵਿੱਚ ਅਤੇ ਦੁਨੀਆਂ ਦੇ ਹੋਰਨਾਂ ਲੋਕਾਂ ਵਿੱਚ । ਅਸੀਂ ਉਹ ਲੋਕ ਹਨ ਅਤੇ ਸਾਨੂੰ ਅਜਿਹਾ ਹੋਣਾ ਚਾਹੀਦਾ ਹੈ ਕਿਉਂਕਿ ਅਸੀਂ ਮਸੀਹ ਮੌਊਦ ਨੂੰ ਮੰਨਿਆ ਹੈ ਜੋ ਸੰਸਾਰਕ ਪ੍ਰੀਖਿਆਵਾਂ ਤੇ ਵਿਰੋਧੀਆਂ ਦੇ ਵੈਰ ਤੋਂ ਨ ਪਿੱਛੇ ਹਟੱਣ ਵਾਲੇ ਹਨ ਅਤੇ ਇਸ ਦੇ ਸਬਬ ਨ ਹੀ ਆਪਣੇ ਇਮਾਨਾ ਵਿੱਚ ਪਿੱਛੇ ਹਟਣ ਵਾਲੇ ਹਨ । ਅਸੀਂ ਇਸ ਗੱਲ ਦਾ ਕਿਰਦਾਰ ਰਖੱਣ ਵਾਲੇ ਕਿ ਸਾਡੇ ਦੁੱਖਾਂ ਦਾ ਸਮਾਧਾਨ ਕੇਵਲ ਰੱਬ ਕੋਲ ਹੈ । ਸਾਨੂੰ ਕਸ਼ਟ ਸਮੇਂ ਦੁਨੀਆਦਾਰਾਂ ਅੱਗੇ ਨਹੀਂ ਸਗੋਂ ਸਾਰੀਆਂ ਸ਼ਕਤੀਆਂ ਦੇ ਮਾਲਕ ਰੱਬ ਸਾਹਮਣੇ ਝੁਕਣਾ ਹੈ ਉਸ ਤੋਂ ਮਦਦ ਮੰਗਣੀ ਹੈ ਉਹੋ ਹੈ ਜੋ ਸਾਨੂੰ ਸਾਡੇ ਸਬਰ ਅਤੇ ਦੁਆ ਕਰਕੇ ਸਾਨੂੰ ਇਹਨਾਂ ਔਕੜਾਂ ਤੋਂ ਮੁਕਤੀ ਦੁਆਉਣ ਵਾਲਾ ਹੈ ਅਤੇ ਮੁਕਤੀ ਦੁਆਏਗਾ । ਇੰਸ਼ਅਲੱਾਹ ।

ਸੋ, ਇਹ ਹੈ ਉਹ ਸਾਡਾ ਰਹੀਮ ਤੇ ਕਰੀਮ ਰੱਬ ਜੋ ਇਕ ਮੋਮਨ ਨੂੰ ਨਿੱਕੀਆਂ ਨਿੱਕੀਆਂ ਗਲੱਾਂ'ਤੇ ਨਵਾਜ਼ਦਾ ਹੈ ਇਕ ਸਾਬਰ ਤੇ ਰੱਬ ਦੀ ਹਜ਼ੂਰੀ ਵਿੱਚ ਝੁਕਣ ਵਾਲੇ ਮੋਮਿਨ ਲਈ ਤਾਂ ਰੱਬ ਵੱਲੋਂ ਖ਼ੁਸ਼ਖਬਰੀਆਂ ਹੀ ਖ਼ੁਸਖ਼ਬਰੀਆਂ ਹਨ । ਇਸ ਮੌਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਸਾਨੂੰ ਸਬਰ ਤੇ ਦੁਆ ਦੀ ਮਹਤੱਤਾ ਦੱਸਦਿਆਂ ਹੋਇਆਂ ਅਤੇ ਇਸ ਦੇ ਵਟਾਂਦਰੇ ਵਿੱਚ ਰੱਬ ਦੇ ਵਰਤਾਉ ਦਾ ਵਰਨਣ ਕਰਦਿਆਂ ਫ਼ਰਮਾਇਆ ਕਿ ਰੱਬ ਦੇ ਮਾਰਗ ਵਿੱਚ ਵਗੱਣ ਵਾਲੇ ਇਕ ਬੂੰਦ ਰਕਤ ਅਤੇ ਰਾਤ ਸਮੇਂ ਨਫ਼ਲ ਪੜ੍ਹਦਿਆਂ ਹੋਇਆ ਰੱਬ ਦੇ ਖ਼ੌਫ਼ ਦੇ ਸਿੱਟੇ ਵਿੱਚ ਅਖੱਾਂ ਵਿੱਚੋਂ ਵਗੇ ਹੰਝੂਆਂ ਦੀ ਇਕ ਬੂੰਦ ਤੋਂ ਵੱਧ ਹੋਰ ਕੋਈ ਚੀਜ਼ ਰੱਬ ਨੂੰ ਪਿਆਰੀ ਨਹੀਂ ਅਤੇ ਨ ਹੀ ਰੱਬ ਨੂੰ ਕੋਈ ਗ਼ਮ ਦਾ ਘੁੱਟ ਉਸ ਘੁੱਟ ਤੋਂ ਬਹੁਤਾ ਪਿਆਰਾ ਹੈ ਜੋ ਮਨੁੱਖ ਦੁੱਖ ਸਮੇਂ ਸਬਰ ਕਰਕੇ ਪੀਂਦਾ ਹੈ ।

ਸੋ, ਭਾਵੇਂ ਵਿਅਕਤੀਗੱਤ ਮਾਮਲੇ ਹੋਣ ਜਿੰਨ੍ਹਾ ਕਰਕੇ ਕਿਸੇ ਤੋਂ ਨੁਕਸਾਨ ਪਹੁੰਚ ਰਿਹਾ ਹੋਵੇ ਜਾਂ ਜਮਾਤੀ ਮਾਮਲੇ ਹੋਣ, ਜੇਕਰ ਰੱਬ ਦੀ ਰਜ਼ਾ ਹਾਸਲ ਕਰਨੀ ਹੈ, ਜੇਕਰ ਰੱਬ ਦਾ ਪਿਆਰ ਹਾਸਲ ਕਰਨਾ ਹੈ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਹ ਉਸੂਲ ਦੱਸਿਆ ਹੈ ਕਿ ਰੱਬ ਅੱਗੇ ਝੁਕੱਣਾ ਅਤੇ ਸਬਰ ਦਾ ਮੁਜ਼ਾਹਰਾ ਕਰਨਾ ਰੱਬ ਦੀ ਨੇੜਤਾ ਦੁਆਉਂਦਾ ਹੈ । ਇਕ ਮੌਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜੱਦ ਬੰਦੇ ਉਪੱਰ ਜ਼ੁਲਮ ਕੀਤਾ ਜਾਵੇ ਅਤੇ ਉਹ ਸਬਰ ਨਾਲ ਕੰਮ ਲਏ ਤਾਂ ਅਲੱਾਹ ਤਆਲਾ ਉਸ ਨੂੰ ਸਨਮਾਨ ਬਖ਼ਸ਼ਦਾ ਹੈ ਅਤੇ ਜਿਸ ਨੂੰ ਰੱਬ ਸਨਮਾਨ ਬਖ਼ਸ਼ੇ ਇਸ ਤੋਂ ਵੱਧ ਉਸ ਬੰਦੇ ਲਈ ਹੋਰ ਕੀ ਸਨਮਾਨ ਹੋ ਸਕਦਾ ਹੈ ।

ਸੋ ਅੱਜ ਕੱਲ ਜੋ ਜਮਾਤ ਅਹਮਦੀਆ ਦੇ ਲੋਕਾਂ'ਤੇ ਵੱਖ ਵੱਖ ਦੇਸ਼ਾ ਵਿੱਚ ਸਖ਼ਤੀ, ਚਿੰਤਾ ਤੇ ਕਸ਼ਟ ਦੇ ਹਾਲਾਤ ਹਨ ਇਸ'ਤੇ ਸਾਡਾ ਕੰਮ ਸਬਰ ਤੇ ਦੁਆ ਦੇ ਨਾਲ ਰੱਬ ਦੀ ਮਦਦ ਮੰਗਦਿਆਂ ਹੋਇਆਂ ਉਸ ਦੇ ਅੱਗੇ ਝੁਕਣਾ ਹੈ । ਉਹੋ ਹੈ ਜੋ ਕੁਫ਼ਰ ਦੇ ਮੁੱਖੀਆਂ ਨੂੰ ਫੜਕੇ ਸਾਨੂੰ ਉਹਨਾਂ ਤੋਂ ਬਚਾਉਣ ਦੀ, ਉਹਨਾ ਦੇ ਧੋਖਿਆਂ ਤੇ ਮਕਰਾਂ ਤੋਂ ਬਚਾਉਣ ਦੀ, ਉਹਨਾਂ ਦੀਆ ਚਲਾਕੀਆਂ ਤੋਂ ਬਚਾਉਣ ਦੀ ਸਭ ਤੋਂ ਵੱਧ ਸ਼ਕਤੀ ਰਖੱਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਜੱਦ ਅਸੀਂ ਇਸ ਵਿਅਕਤੀ ਦੀ ਬੈਅਤ ਵਿੱਚ ਆਣਕੇ ਜੋ ਹਜ਼ਰਤ ਮਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਗ਼ੁਲਾਮੀ ਵਿੱਚ ਇਸਲਾਮ ਦੇ ਪੁਨਰਉਥੱਾਨ ਲਈ ਆਇਆ ਹੈ ਤਾਂ ਸਾਨੂੰ ਵੀ ਆਪਣੇ ਅਤੇ ਬਿਗ਼ਾਨਿਆਂ ਸਾਰਿਆਂ ਦੀਆਂ ਵਿਰੋਧਤਾਵਾਂ ਦਾ ਸਾਹਮਣਾ ਕਰਨਾ ਪਏਗਾ । ਗ਼ੈਰ ਤਾਂ ਇਸ ਸਮੇਂ ਖੁੱਲ੍ਹਕੇ ਉਸ ਪ੍ਰਕਾਰ ਦੁਨੀਆ ਦੇ ਬਹੁਤੇ ਦੇਸ਼ਾਂ ਵਿੱਚ ਵਿਰੋਧਤਾ ਨਹੀਂ ਕਰਦੇ ਜਿਵੇਂ ਇਸਲਾਮ ਦੇ ਪਹਿਲੇ ਦੌਰ ਵਿੱਚ ਮੁਸਲਮਾਨਾ ਨੂੰ ਉਹਨਾਂ ਦੀਆਂ ਵਿਰੋਧਤਾਵਾਂ ਦਾ ਸਾਹਮਣਾ ਕਰਨਾ ਪਿਆ ਸਗੋਂ ਇਹ ਲੋਕ ਜੋ ਗ਼ੈਰ ਮੁਸਲਿਮ ਹਨ ਜੇਕਰ ਉਹ ਵਿਰੋਧਤਾ ਕਰਦੇ ਹਨ ਤਾਂ ਬਹੁਤ ਵੱਡੇ ਤਰੀਕੇ ਨਾਲ ਅਤੇ ਬਹੁਤ ਸੋਚ ਵਿਚਾਰ ਕਰਕੇ । ਉਹਨਾ ਲੋਕਾਂ ਦੀ ਵੀ ਪ੍ਰਤੀਰੱਖਿਆ ਅਸੀਂ ਕਰਨੀ ਹੈ ਇਸੇ ਢੰਗ ਨਾਲ । ਇਸ ਲਈ ਹਜ਼ਰਤ ਮਸੀਹ ਮੌਊਦੂ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਜੋ ਹੱਥਿਆਰ ਇਸਲਾਮ ਦੇ ਵਿਰੋਧੀ ਇਸਲਾਮ ਨੂੰ ਖ਼ਤਮ ਕਰਨ ਲਈ ਵਰਤ ਰਹੇ ਹਨ, ਉਹੋ ਅਸੀਂ ਵੀ ਕਰਨੇ ਹਨ ਅਤੇ ਉਹ ਲਿਟ੍ਰੇਚਰ ਅਤੇ ਪ੍ਰਚਾਰ ਦਾ ਹੱਥਿਆਰ ਹੈ । ਜੱਦ ਗ਼ੈਰ ਮੁਸਲਿਮ ਦੁਨੀਆ ਵਿੱਚ ਇਸਲਾਮ ਫੈਲਣਾ ਸ਼ੁਰੂ ਹੋਵੇਗਾ ਤਾਂ ਫਿਰ ਗ਼ੈਰ ਮੁਸਲਿਮ ਦੇਸ਼ ਵੀ ਜਮਾਤ ਦੀ ਵਿਰੋਧਤਾ ਕਰਨਗੇ । ਉਹਨਾਂ ਨੂੰ ਪਤਾ ਲੱਗ ਰਿਹਾ ਹੈ ਕਿ ਇਹ ਇਸਲਾਮ ਜੋ ਹਕੀਕੀ ਇਸਲਾਮ ਹੈ ਜੋ ਜਮਾਤ ਅਹਮਦੀਆ ਜਿਸਦਾ ਪ੍ਰਚਾਰ ਕਰਦੀ ਹੈ ਅਤੇ ਫੈਲਾ ਰਹੀ ਹੈ ਇਹ ਇਕ ਸਮੇਂ ਵਿਜੈ ਪ੍ਰਾਪਤ ਕਰੇਗਾ ਅਤੇ ਇਹ ਹਕੀਕੀ ਇਸਲਾਮ ਮੁਕਦੱਰ ਹੈ ਕਿ ਜਮਾਤ ਅਹਮਦੀਆ ਰਾਹੀਂ ਹੀ ਫੈਲਣਾ ਹੈ ਪਰ ਇਸ ਸਮੇਂ ਜੋ ਮੁਲੱਾਂ ਹੈ ਹਰ ਥਾਂ ਵਿਰੋਧਤਾ ਵਿੱਚ ਅੱਗੇ ਅੱਗੇ ਹੈ । ਉਸੇ ਪ੍ਰਕਾਰ ਜ਼ੁਲਮ ਕਰ ਰਹੇ ਹਨ ਜਿਵੇਂ ਪੁਰਾਣੇ ਯੁਗਾਂ ਵਿੱਚ ਧਰਮਾ'ਤੇ ਕੀਤੇ ਗਏ । ਸਿਆਸਤਦਾਨ (ਰਾਜਨੀਤਿਕ ਲੀਡਰ) ਵੀ ਵੋਟਾਂ ਤੇ ਸਸਤੀ ਪ੍ਰਸਿੱਧੀ ਲਈ ਉਹਨਾਂ ਦੇ ਪਿੱਛੇ ਚਲਦੇ ਹਨ ਨਹੀਂ ਤਾਂ ਉਹਨਾਂ ਲੋਕਾਂ ਨੂੰ ਤਾਂ ਧਰਮ ਦਾ ੳ ਅ ਵੀ ਨਹੀਂ ਪਤਾ, ਪਰ ਇਸਲਾਮ ਦੀ ਗ਼ੈਰਤ ਦੇ ਨਾਂ'ਤੇ ਅਹਮਦੀਆਂ ਉਪੱਰ ਹਮਲੇ ਜ਼ਰੂਰ ਕਰਦੇ ਹਨ ਜਾਂ ਅਸੰਬਲੀਆਂ (ਵਿਧਾਨ ਸਭਾ) ਵਿੱਚ ਕਾਨੂਨ ਪਾਸ ਕਰਾਉਣ ਦਾ ਜਤਨ ਕਰਦੇ ਹਨ । ਪਾਕਿਸਤਾਨ ਵਿੱਚ ਵੀ ਕਸ਼ਮੀਰ ਵਿੱਚ ਅੱਜ ਕੱਲ ਅਸੰਬਲੀ ਵਿੱਚ ਪਾਸਿਤਾਨੀ ਮੁਲੱਾਵਾਂ ਦੇ ਪ੍ਰਭਾਵ ਹੇਠ ਅਹਮਦੀਆਂ ਨੂੰ ਗ਼ੈਰ ਮੁਸਲਿਮ ਕਰਾਰ ਦਿੱਤੇ ਜਾਣ ਦਾ ਮਤਾ ਪੇਸ਼ ਕਰ ਰਹੇ ਹਨ ਸਗੋਂ ਪੇਸ਼ ਹੋਇਆ ਹੈ । ਬਹਿਰਹਾਲ ਇਹ ਲੋਕ ਜੋ ਕੁਝ ਵੀ ਕਰਨਾ ਚਾਹੁਣ ਕਰ ਲੈਂਣ ਪਾਸਿਤਾਨ ਦੀ ਅਸੰਬਲੀ (ਵਿਧਾਨ ਸਭਾ) ਨੇ ਅਹਮਦੀਆਂ ਨੂੰ ਗ਼ੈਰ ਮੁਸਲਿਮ ਕਰਾਰ ਦੇਕੇ ਕੀ ਹਾਸਲ ਕਰ ਲਿਆ । ਕਿਹੜੀ ਜਮਾਤ ਦੀ ਤਰੱਕੀ ਰੁਕ ਗਈ । ਰੱਬ ਦੀ ਆਪਰ ਮਿਹਰ ਨਾਲ ਜਮਾਤ ਤਾਂ ਨਵਿਆਂ ਨਵਿਆਂ ਮਾਰਗਾਂ ਨੂੰ ਪ੍ਰਾਪਤ ਕਰਦੀ ਜਾ ਰਹੀ ਹੈ ਪਰ ਜਮਾਤ ਦੇ ਲੋਕਾਂ ਨੂੰ ਇਹ ਚੇਤੇ ਰਖੱਣਾ ਚਾਹੀਦਾ ਹੈ ਕਿ ਕਿ ਸਬਰ ਨਾਲ ਰੱਬ ਦੀ ਮਦਦ ਲਈ ਦੁਆ ਕਰਨੀ ਅਤੇ ਉਸ ਦੇ ਅੱਗੇ ਝੁਕਣਾ ਆਪਣੀਆਂ ਨਮਾਜ਼ਾਂ ਤੇ ਇਬਾਦਤਾਂ ਦੀ

ਸੁਰੱਖਿਆ ਕਰਨਾ ਹਰ ਅਹਮਦੀ ਦਾ ਕਰਤਵ ਹੈ ਅਤੇ ਇਹੋ ਚੀਜ਼ ਹੈ ਜੋ ਰੱਬ ਦੀਆਂ ਮਿਹਰਾਂ ਦਾ ਹੋਰ ਵਧੇਰੇ ਵਾਰਸ ਬਣਾਏਗੀ ।

ਫਿਰ ਅਲਜਜ਼ਾਇਰ ਵਿੱਚ ਵਿਰੋਧਤਾ ਹੈ । ਇਸੇ ਪ੍ਰਕਾਰ ਬੰਗਲਾ ਦੇਸ਼ ਵਿੱਚ ਨਿਰੰਤਰ ਵਿਰੋਧਤਾ ਚਲਦੀ ਰਹਿੰਦੀ ਹੈ, ਇੰਡੋਨੇਸ਼ੀਆ ਵਿੱਚ ਚਲਦੀ ਹੈ ਅਰਬ ਦੇਸ਼ਾਂ ਵਿੱਚ ਚਲਦੀ ਹੈ । ਬੀਤੇ ਦਿਨੀ ਬੰਗਲਾ ਦੇਸ਼ ਵਿੱਚ ਇਕ ਥਾਂ ਜਿਸ ਦਾ ਨਾਂ ਸ਼ਭਾਈ ਹੈ ਜ਼ਿਲਾ ਮੈਮਨ ਸਿੰਘ ਦਾ ਇਹ ਕਸਬਾ ਹੈ ਜਿੱਥੇ ਸਾਡੀ ਮਸਜਿਦ ਉਪੱਰ ਹਮਲਾ ਕੀਤਾ ਮੌਲਵੀਆਂ ਨੇ ਅਤੇ ਸਾਡੇ ਮੁਰੱਬੀ ਮੁਸਤਫ਼ੀਜ਼ੁਰੱਹਿਮਾਨ ਸਾਹਬ ਨੂੰ ਬਹੁਤ ਜ਼ਖਮੀ ਕੀਤਾ, ਚਾਕੂਆਂ ਤੇ ਖ਼ੰਜਰਾਂ ਦੇ ਵਾਰ ਕਰਕੇ । ਐਨ੍ਹੇ ਕਰਾਰੇ ਤੇ ਡੂੰਘੇ ਵਾਰ ਕੀਤੇ ਕਿ ਸਾਰਾ ਸ਼ਨਰੀਰ ਛਲੱਣੀ ਕਰ ਦਿੱਤਾ । ਢਿੱਡ ਵਿੱਚ ਵੀ ਅਜਿਹੇ ਵਾਰ ਹੋਏ ਕਿ ਉਹਨਾਂ ਦਾ ਗੁਰਦਾ ਵੀ ਬਾਹਰ ਆ ਗਿਆ, ਗਰਦਨ'ਤੇ ਵੀ ਵਾਰ ਸਨ ਕੇਵਲ ਸ਼ਾਹ ਰੱਗ ਕਟੱਣੋ ਬਾਕੀ ਰਹਿ ਗਈ ਦੇਖਣ ਵਾਲੇ ਦਸੱਦੇ ਹਨ ਕਿ ਖ਼ੂਨ ਦੇ ਫਵਾਰੇ ਨਿਕਲ ਰਹੇ ਸਨ । ਬਹਿਰਹਾਲ ਮੌਕੇ'ਤੇ ਪੁਲਿਸ ਪਹੁੰਚ ਗਈ, ਉਹਨਾਂ ਨੂੰ ਹਸਪਤਾਲ ਪਹੁੰਚਾਇਆ, ਜਮਾਤ ਦੇ ਲੋਕ ਵੀ ਪਹੁੰਚ ਗਏ, ਖ਼ੁਦੱਾਮ ਵੀ ਪਹੁੰਚੇ ਜਿੰਨ੍ਹਾ ਨੇ ਖ਼ੂਨ ਦਿੱਤਾ । ਰੱਬ ਨੇ ਮਿਹਰ ਕੀਤੀ ਕਿ ਹਸਪਤਾਲ ਪਹੁੰਚ ਗਏ ਜਿੱਥੇ ਚੰਗੇ ਡਾਕਟਰਜ਼ ਵੀ ਸਨ ਅਤੇ ਚੰਗਾ ਇਲਾਜ ਵੀ ਹੁੰਦਾ ਰਿਹਾ । ਕਈ ਘੰਟੇ ਉਹਨਾ ਦਾ ਆਪ੍ਰੇਸ਼ਨ ਹੋਇਆ । ਬਹਿਰਹਾਲ ਕੱਲ ਤੱਕ ਦੀ ਜੋ ਸੂਚਨਾ ਹੈ ਉਸ ਅਸੁਸਾਰ ਸਟੇਬਲ ਤਾਂ ਹਨ ਪਰ ਅਜੇ ਵੀ ਉਹਨਾਂ ਦੀ ਹਾਲਤ ਖ਼ਤਰੇ ਤੋਂ ਬਾਹਰ ਨਹੀਂ । ਭਾਵੇਂ ਵਿੱਚ ਜਿਹੇ ਥੋੜੀ ਜਿਹੀ ਹੋਸ਼ ਵਿੱਚ ਆਏ ਅਤੇ ਹੋਸ਼ ਵਿੱਚ ਆਉਣ ਦੇ ਬਾਦ ਵੀ ਬੋਲ ਨਹੀਂ ਸਕਦੇ ਸਨ ਪਰ ਕਾਗ਼ਜ਼ ਕਲਮ ਲੈਕੇ ਉਹਨਾਂ ਨੇ ਲਿਖੱਕੇ ਜੋ ਗਲੱਾਂ ਕੀਤੀਆਂ ਹਨ ਉਸ ਵਿੱਚ ਵੀ ਮੋਮਨ ਦੀ ਸ਼ਾਨ ਹੈ ਕਿ ਦੂਜਿਆਂ ਦੀ ਫਿਕਰ ਹੈ ਅਤੇ ਇਹੋ ਲਿਖੱਕੇ ਦਿਤੱਾ ਕਿ ਫ਼ਲਾਣੇ ਮੁਰੱਬੀ ਸਾਹਬ ਦੀ ਸੁਰੱਖਿਆ ਦਾ ਪ੍ਰਬੰਧ ਰਖੱਣ ਕਿਉਂਕਿ ਉਹਨਾਂ ਨੂੰ ਵੀ ਖ਼ਤਰਾ ਹੈ ਜਾਂ ਆਪਣੇ ਮਾਂਪਿਆਂ ਦੀ ਚਿੰਤਾ ਦਾ ਪ੍ਰਗਟਾਵਾ ਕੀਤਾ । ਅਲੱਾਹ ਤਆਲਾ ਉਹਨਾਂ ਨੂੰ ਸਿਹਤ ਤੇ ਸਲਾਮਤੀ ਵਾਲੀ ਲੰਮੀ ਉਮਰ ਪ੍ਰਦਾਨ ਕਰੇ ਅਤੇ ਕਾਮਲ ਸਿਹਤ ਤੇ ਛੇਤੀ ਸਵਸਥਤਾ ਪ੍ਰਦਾਨ ਕਰੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਕਈ ਵਾਰ ਅਨੇਕਾਂ ਲੋਕਾਂ ਬਾਰੇ ਮੈਂਨੂੰ ਸ਼ਿਕਾਇਤ ਮਿਲਦੀ ਹੈ ਕਿ ਕਈ ਲੋਕਾਂ ਨੂੰ ਜਾਂ ਸੋਸ਼ਲ ਮੀਡੀਆ'ਤੇ ਮੌਲਵੀਆਂ ਨੂੰ ਪ੍ਰਚਾਰ ਕਰਦੇ ਸਮੇਂ ਜਾਂ ਕਈ ਵਾਰ ਉਹਨਾਂ ਨਾਲ ਬਹਿਸ ਕਰਦੇ ਸਮੇਂ ਅਜਿਹੇ ਸਖ਼ਤ ਸ਼ਬਦਾਂ ਦੀ ਵਰਤੋਂ ਕਰਦੇ ਹਨ ਜੋ ਅਹਮਦੀ ਸ਼ਾਨ ਅਨੁਸਾਰ ਨਹੀਂ ਹੈ ਅਤੇ ਕਈ ਲਿਖੱਣ ਵਾਲੇ ਮੈਂਨੂੰ ਲਿਖੱਦੇ ਹਨ ਕਿ ਅਹਮਦੀਆਂ ਦੇ ਮੂੰਹੋ ਅਜਿਹੀਆਂ ਗੰਦੀਆਂ ਗਾਲ੍ਹਾਂ ਅਤੇ ਕੁਬੋਲ ਸੁਣਕੇ ਬਹੁਤ ਦੁੱਖ ਹੁੰਦਾਹੈ ਜੋ ਉਹਨਾਂ ਲੋਕਾਂ ਦੇ ਮੂੰਹੋ ਆਪਣੇ ਵਿਰੋਧੀਆਂ ਲਈ ਨਿਕਲ ਰਹੇ ਹੁੰਦੇ ਹਨ । ਜੇਕਰ ਇਹ ਗੱਲ ਸੱਚ ਹੈ ਤਾਂ ਫਿਰ ਮੈਂ ਅਜਿਹੇ ਅਮਦੀਆਂ ਨੂੰ ਕਹਾਂਗਾ ਕਿ ਚੰਗਾ ਹੈ ਕਿ ਉਹ ਪ੍ਰਚਾਰ ਨ ਕਰਿਆ ਕਰਨ । ਇਹ ਪ੍ਰਚਾਰ ਉਹਨਾਂ ਨੂੰ ਰੱਬ ਦੀ ਨੇੜਤਾ ਦੁਆਉਣ ਦੀ ਥਾਂ ਰੱਬ ਦੀ ਨਰਾਜ਼ਗੀ ਦਾ ਸਬਬ ਬਨਾਉਣ ਵਾਲਾ ਹੋਵੇਗਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇਸ ਗੱਲ ਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ । ਦੇਖੋ ਮੈਂ ਇਸ ਕੰਮ ਲਈ ਮਾਮੂਰ (ਨਿਯੁਕਤ) ਹੋਇਆ ਹਾਂ ਕਿ ਮੈਂ ਤੁਹਾਨੂੰ ਵਾਰ ਵਾਰ ਹਿਦਾਇਤ ਕਰਾਂ ਕਿ ਹਰ ਪ੍ਰਕਾਰ ਦੇ ਫ਼ਸਾਦ ਅਤੇ ਹੰਗਾਮੇ ਦੀਆਂ ਥਾਵਾਂ ਤੋਂ ਬਚਦੇ ਰਹੋ ਅਤੇ ਗਾਲ੍ਹਾਂ ਸੁਣਕੇ ਵੀ ਸਬਰ ਕਰੋ । ਬਦੀ ਦਾ ਉਤੱਰ ਨੇਕੀ ਨਾਲ ਦਿਓ ਅਤੇ ਕੋਈ ਫ਼ਸਾਦ ਕਰਨ ਲਈ ਤਤੱਪਰ ਹੋਵੇ ਤਾਂ ਤੁਸੀਂ ਅਜਿਹੀ ਥਾਂ ਤੋਂ ਖਿਸਕ ਜਾਓ ਅਤੇ ਨਰਮੀ ਨਾਲ ਉਤੱਰ ਦਿਓ । ਅਨੇਕਾਂ ਵਾਰੀ ਅਜਿਹਾ ਹੁੰਦਾ

ਹੈ ਕਿ ਇਕ ਵਿਅਕਤੀ ਬਹੁਤ ਜੋਸ਼ ਨਾਲ ਵਿਰੋਧਤਾ ਕਰਦਾ ਹੈ ਅਤੇ ਵਿਰੋਧਤਾ ਵਿੱਚ ਉਹ ਢੰਗ ਅਪਣਾਉਂਦਾ ਹੈ ਜੋ ਫ਼ਸਾਦੀ ਢੰਗ ਹੋਵੇ ਜਿਸ ਵਿੱਚ ਸੁਨਣ ਵਾਲਿਆਂ ਵਿੱਚ ਭੜਕਾਊ ਵਿਚਾਰ ਪੈਦਾ ਹੋਵੇ ਪਰ ਜੱਦ ਸਾਹਮਣਿਓਂ ਨਰਮ ਉਤੱਰ ਮਿਲਦਾ ਹੈ ਅਤੇ ਗਾਲ੍ਹਾਂ ਦਾ ਮੁਕਾਬਲਾ ਨਹੀਂ ਕੀਤਾ ਜਾਂਦਾ ਤਾਂ ਉਸ ਨੂੰ ਆਪ ਸ਼ਰਮ ਆ ਜਾਂਦੀ ਹੈ । ਫਿਰ ਜੱਦ ਕਿ ਸਾਡੇ ਲਈ ਇਹ ਸਿੱਖਿਆ ਹੈ ਕਿ ਗਾਲ੍ਹਾਂ ਵੀ ਹਨ ਤਾਂ ਨਰਮੀ ਨਾਲ ਉਤੱਰ ਦਿਓ । ਸਬਰ ਹੀ ਹੈ ਜੋ ਦਿਲਾਂ ਨੂੰ ਜਿੱਤ ਪ੍ਰਦਾਨ ਕਰਦਾ ਹੈ । ਨਿਸ਼ਚੇ ਹੀ ਚੇਤੇ ਰੱਖੋ ਕਿ ਮੈਂਨੂੰ ਬਹੁਤ ਦੁੱਖ ਹੁੰਦਾ ਹੈ ਜੱਦ ਮੈਂ ਸੁਣਦਾ ਹਾਂ ਕਿ ਫ਼ਲਾਣਾ ਵਿਅਕਤੀ ਇਸ ਜਮਾਤ ਦਾ ਹੋਕੇ ਕਿਸੇ ਨਾਲ ਲੜਿਆ ਹੈ । ਸੋ, ਸਾਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਜੇਕਰ ਇਹ ਠੀਕ ਹੈ ਕਿ ਸੋਸ਼ਲ ਮੀਡੀਆਂ'ਤੇ ਕਈ ਅਹਮਦੀ ਚਿੜ੍ਹਕੇ ਗ਼ਲਤ ਢੰਗ ਨਾਲ ਅਤੇ ਸ਼ਖਤੀ ਨਾਲ ਉਹਨਾਂ ਲੋਕਾਂ ਦੇ ਉਤੱਰ ਦਿੰਦੇ ਹਨ ਤਾਂ ਇਹ ਗ਼ਲਤ ਕਰਦੇ ਹਨ । ਇਸ ਪ੍ਰਕਾਰ ਕੇਵਲ ਇਕ ਗੁਨਾਹ ਨਹੀਂ ਕਰ ਰਹੇ ਸਗੋਂ ਅਸੀਂ ਇਸ ਪਾਪ ਦੇ ਦੋਸ਼ੀ ਹੋ ਰਹੇ ਹਨ ਕਿ ਨਵੀਂ ਨਸਲ ਨੂੰ ਵੀ ਅਹਮਦੀਅਤ ਤੋਂ ਦੂਰ ਕਰ ਰਹੇ ਹਾਂ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਾਰ ਵਾਰ ਵੱਖ ਵੱਖ ਢੰਗਾ ਨਾਲ ਸਾਨੂੰ ਸਮਝਾਇਆ ਹੈ ਕਿ ਸਾਨੂੰ ਸਬਰ ਦਾ ਪਲੱਾ ਫ਼ੜੇ ਰਹਿਣਾ ਚਾਹੀਦਾ ਹੈ ਅਤੇ ਆਪ ਫ਼ਰਮਾਉਦੇ ਹਨ ਕਿ ਇਹ ਮੈਂਨੂੰ ਗਾਲ੍ਹਾਂ ਦਿੰਦੇ ਹਨ ਪਰ ਮੈਂ ਇਹਨਾਂ ਦੀਆਂ ਗਾਲ੍ਹਾਂ ਦੀਆਂ ਪਰਵਾਹ ਨਹੀਂ ਕਰਦਾ ਅਤੇ ਨ ਇਹਨਾਂ'ਤੇ ਦੁਖੀ ਹੁੰਦਾ ਹਾਂ ਕਿਉਂਕਿ ਉਹ ਇਸ ਮੁਕਾਲੇ ਤੋਂ ਅਸਮਰਥ ਹੋ ਗਏ ਹਨ ਅਤੇ ਆਪਣੀ ਅਸਮਰਥਤਾ ਤੇ ਹੇਠੀ ਨੂੰ ਲੁਕਾ ਨਹੀਂ ਸਕਦੇ ਸਿਵਾਏ ਇਸਦੇ ਕਿ ਗਾਲ੍ਹਾਂ ਦੇਣ । ਦਲੀਲ ਉਹਨਾਂ ਕੋਲ ਰਹੀ ਨਹੀਂ, ਅਸਮਰਥ ਹੋ ਚੁਕੇ ਹਨ ਅਤੇ ਇਸ ਲਈ ਦਲੀਲ ਨ ਹੋਣ ਦੇ ਸਬਬ ਉਹ ਗਾਲ੍ਹਾਂ ਦਿੰਦੇ ਹਨ । ਫ਼ਰਮਾਇਆ ਕਿ ਕੁਫ਼ਰ ਦੇ ਫ਼ਤਵੇ ਲਾਉਣੇ, ਝੂਡੇ ਮੁਕਦੱਮੇ ਬਨਾਉਣੇ ਅਤੇ ਭਾਂਤ ਭਾਂਤ ਦੇ ਝੂਠ ਅਤੇ ਆਰੋਪ ਲਾਉਣਾ ਉਹ ਆਪਣੀਆਂ ਸਾਰੀਆਂ ਸ਼ਕਤੀਆਂ ਨੂੰ ਕੰਮ ਵਿੱਚ ਲਿਆਕੇ ਮੇਰਾ ਮੁਕਾਬਲਾ ਕਰ ਲੈਂਣ ਅਤੇ ਦੇਖ ਲੈਂਣ ਕਿ ਅੰਤਮ ਫ਼ੈਸਲਾ ਕਿਸ ਦੇ ਹੱਕ ਵਿੱਚ ਆਉਂਦਾ ਹੈ । ਮੈਂ ਉਹਨਾਂ ਦੀਆਂ ਗਾਲ੍ਹਾਂ ਦੀ ਪਰਵਾਹ ਕਰਾਂ ਤਾਂ ਅਸਲ ਕੰਮ ਜੋ ਰੱਬ ਨੇ ਮੈਂਨੂੰ ਸੁਪੁਰਦ ਕੀਤਾ ਹੈ ਰਹਿ ਜਾਂਦਾ ਹੈ ਇਸ ਲਈ ਜਿੱਥੇ ਮੈਂ ਇਹਨਾਂ ਦੀਆਂ ਗਾਲ੍ਹਾਂ ਦੀ ਪਰਵਾਹ ਨਹੀਂ ਕਰਦਾ ਮੈਂ ਆਪਣੀ ਜਮਾਤ ਨੂੰ ਨਸੀਹਤ ਕਰਦਾ ਹਾਂ ਕਿ ਇਹਨਾਂ ਲਈ ਉੱਤਮ ਹੈ ਕਿ ਇਹਨਾਂ ਦੀਆਂ ਗਾਲ੍ਹਾਂ ਸੁਣਕੇ ਸਹਿਨ ਕਰਨ । ਕਦੇ ਵੀ ਕਦੇ ਵੀ ਗਾਲ੍ਹ ਦਾ ਉਤੱਰ ਗਾਲ੍ਹ ਨਾਲ ਨ ਦੇਣ । ਕਿਉਂਕਿ ਇਸ ਪ੍ਰਕਾਰ ਬਰਕਤ ਜਾਂਦੀ ਰਹਿੰਦੀ ਹੈ, ਸਬਰ ਤੇ ਸਹਿਨਸ਼ੀਲਤਾ ਦਾ ਨਮੂਨਾ ਪ੍ਰਕਟ ਕਰਨ ਆਪਣੇ ਚੰਗੇ ਆਚਰਣ ਦਿਖਾਉਣ । ਨਿਸ਼ਚੇ ਹੀ ਚੇਤੇ ਰੱਖੋ ਕਿ ਅਕਲ ਅਤੇ ਜੋਸ਼ ਵਿੱਚ ਖ਼ਤਰਨਾਕ ਦੁਸ਼ਮਣੀ ਹੈ । ਜੱਦ ਗੁਸੱਾ ਆਉਂਦਾ ਹੈ ਤਾਂ ਅਕਲ ਟਿਕਾਣੇ ਨਹੀਂ ਰਹਿ ਸਕਦੀ, ਪਰ ਜੋ ਸਬਰ ਕਰਦਾ ਹੈ ਅਤੇ ਸਹਿਨਸ਼ੀਲਤਾ ਦਾ ਨਮੂਨਾ ਦਿਖਾਉਂਦਾ ਹੈ ਉਸ ਨੂੰ ਇਕ ਨੂਰ ਦਿਤੱਾ ਜਾਂਦਾ ਹੈ ਜਿਸ ਨਾਲ ਉਸ ਦੀ ਅਕਲ ਤੇ ਸੋਚ ਦੀਆਂ ਸ਼ਕਤੀਆਂ ਵਿੱਚ ਇਕ ਨਵਾਂ ਚਾਨ੍ਹਣਾ ਪੈਦਾ ਹੋ ਜਾਂਦਾ ਹੈ ਅਤੇ ਫਿਰ ਨੂਰ ਤੋਂ ਨੂਰ ਪੈਦਾ ਹੁੰਦਾ ਹੈ ਗੁਸੱਾ ਤੇ ਜੋਸ਼ ਦੀ ਹਾਲਤ ਵਿੱਚ ਕਿਉਂਕਿ ਦਿਲ ਤੇ ਦਿਮਾਗ਼ ਅੰਧਕਾਰੀ ਹੁੰਦੇ ਹਨ ਇਸ ਲਈ ਫਿਰ ਅੰਧਕਾਰ ਤੋਂ ਅੰਧਕਾਰ ਪੈਦਾ ਹੁੰਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਜੇਕਰ ਅਕਲ ਤੇ ਸੋਚ ਵਿੱਚ ਵਾਧਾ ਕਰਨਾ ਹੈ, ਦਿਲ ਤੇ ਦਿਮਾਗ਼ ਵਿੱਚ ਨੂਰ ਪੈਦਾ ਕਰਨਾ ਹੈ ਤਾਂ ਗੁੱਸੇ ਤੇ ਜੋਸ਼ ਨੂੰ ਦਬਾਉਣ ਦੀ ਸਾਨੂੰ ਹਰ ਸਮੇਂ ਲੋੜ ਹੈ । ਫਿਰ ਹੀ ਰੱਬ ਦੀਆਂ

ਮਿਹਰਾਂ ਹੋਰ ਵਧੱਣ ਗੀਆਂ । ਭਾਵ, ਫ਼ਰਮਾਇਆ ਕਿ ਆਪਣੇ ਕਰਮ ਸਾਫ਼ ਕਰੋ ਅਤੇ ਰੱਬ ਦਾ ਹਮੇਸ਼ਾ ਸਿਮਰਣ ਕਰੋ ਅਤੇ ਗ਼ਫ਼ਲਤ ਨ ਕਰੋ । ਜਿਵੇਂ ਭਜੱਣ ਵਾਲਾ ਸ਼ਿਕਾਰ ਜੱਦ ਰਤਾ ਵੀ ਸੁਸਤ ਹੋ ਜਾਵੇ ਤਾਂ ਸ਼ਿਕਾਰੀ ਦੇ ਕਾਬੂ ਆ ਜਾਂਦਾ ਹੈ ਇਸੇ ਪ੍ਰਕਾਰ ਰੱਬ ਦੇ ਸਿਮਰਣ ਨਲ ਗ਼ਫ਼ਲਤ ਕਰਨ ਵਾਲਾ ਸ਼ੈਤਾਨ ਦਾ ਸ਼ਿਕਾਰ ਹੋ ਜਾਂਦਾ ਹੈ । ਫ਼ਰਮਾਇਆ ਤੌਬਾ (ਪਸ਼ਚਾਤਾਪ) ਨੂੰ ਹਕੇਸ਼ਾ ਜੀਉਂਦਿਆਂ ਰੱਖੋ ਅਤੇ ਕਦੇ ਮੁਰਦਾ ਨ ਹੋਣ ਦਿਓ । ਅਸਤਗ਼ਫ਼ਾਰ ਬਹੁਤ ਅਧਿਕ ਕਰਿਆ ਕਰੋ । ਜਿਸ ਅੰਗ ਨਾਲ ਕੰਮ ਲਿਆ ਜਾਂਦਾ ਹੈ ਉਹੋ ਕੰਮ ਦੇ ਸਕਦਾ ਹੈ ਅਤੇ ਜਿਸ ਨੂੰ ਬੇਕਾਰ ਛੱਡ ਦਿਤੱਾ ਜਾਵੇ ਫਿਰ ਉਹ ਹਮੇਸ਼ਾ ਲਈ ਨਕਾਰਾ ਹੋ ਜਾਂਦਾ ਹੈ । ਇਸੇ ਪ੍ਰਕਾਰ ਤੌਬਾ ਨੂੰ ਵੀ ਚਲਾਈ ਰੱਖੋ ਤਾਂ ਜੋ ਉਹ ਬੇਕਾਰ ਨ ਹੋ ਜਾਵੇ । ਫ਼ਰਮਾਇਆ ਸਾਡੇ ਗ਼ਾਲਬ ਆਉਣ ਦੇ ਹੱਥਿਆਰ ਅਸਤਗ਼ਫ਼ਾਰ, ਤੌਬਾ, ਧਾਰਮਕ ਸਿੱਖਿਆ ਦੀ ਜਾਣਕਾਰੀ ਅਤੇ ਰੱਬ ਦੀ ਵੱਡਿਆਈ ਨੂੰ ਸੰਮੁੱਖ ਰਖੱਣਾ ਅਤੇ ਪੰਜ ਵੇਲੇ ਦੀਆਂ ਨਮਾਜ਼ਾਂ ਨੂੰ ਪੜ੍ਹਨਾ ਹੈ । ਨਮਾਜ਼ ਦੁਆ ਦੀ ਪਰਵਾਰਨਗੀ ਦੀ ਕੁੰਜੀ ਹੈ ਜੱਦ ਨਮਾਜ਼ ਪੜ੍ਹੋ ਤਾਂ ਇਸ ਵਿੱਚ ਦੁਆਵਾਂ ਕਰੋ ਅਤੇ ਗ਼ਫ਼ਲਤ ਨ ਕਰੋ ਅਤੇ ਹਰ ਇਕ ਬਦੀ ਤੋਂ ਭਾਵੇਂ ਉਹ ਰੱਬ ਦੇ ਹੱਕਾਂ ਬਾਰੇ ਹੋਵੇ ਭਾਵੇਂ ਉਹ ਬੰਦਿਆਂ ਦੇ ਹੱਕਾਂ ਬਾਰੇ ਹੋਵੇ ਬਚੋ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਨਮਾਜ਼ ਦੇ ਬਾਦ ਮੈਂ ਇਕ ਜਨਾਜ਼ਾਹ ਗ਼ਾਇਬ ਵੀ ਪੜ੍ਹਾਵਾਂਗਾ ਜੋ ਮੁਕਰੱਮ ਪੀ ਪੀ ਨਾਜ਼ਮੁੱਦੀਨ ਸਾਹਬ ਪੈਂਗਾਡੀ ਕੇਰਾਲਾ ਇੰਡੀਆ ਦਾ ਹੈ ਜੋ 3 ਮਈ ਨੂੰ ਟ੍ਰੇਨ ਹਾਦਸੇ ਵਿੱਚ ਵਫ਼ਾਤ ਪਾ ਗਏ ਹਨ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । اناللهواناالیہراجعون۔

**Khulasa Khutba Jumma 12.05.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131